**ਅਕਾਦਮਿਕ ਸਾਲ 2024-25**

**ਵਿਸ਼ਾ- ਸਮਾਜਿਕ ਵਿਗਿਆਨ**

**ਸ਼੍ਰੇਣੀ - ਅੱਠਵੀਂ**

**ਮਾਡਲ ਪ੍ਰਸ਼ਨ ਪੱਤਰ**

**ਸਮਾਂ: 3 ਘੰਟੇ** **ਕੁੱਲ ਅੰਕ: 80**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ ਪੱਤਰ ਦੇ ਕੁੱਲ ਛੇ ਭਾਗ ਹਨ। ਭਾਗ- ੳ ਵਿੱਚ ਬਹੁਵਿਕਲਪੀ ਪ੍ਰਸ਼ਨ, ਭਾਗ-ਅ ਵਿੱਚ ਵਸਤੂਨਿਸਠ ਪ੍ਰਸ਼ਨ, ਭਾਗ-ੲ ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਭਾਗ-ਸ ਵਿੱਚ ਵੱਡੇ ਉੱਤਰਾਂ ਵਾਲੇ ਪ੍ਰਸ਼ਨ(100% ਅੰਦਰੂਨੀ ਛੋਟ), ਭਾਗ-ਹ ਵਿੱਚ ਸਰੋਤ ਅਧਾਰਤ ਪ੍ਰਸ਼ਨ ਅਤੇ ਭਾਗ-ਕ ਵਿੱਚ ਨਕਸ਼ੇ ਨਾਲ ਸੰਬੰਧਿਤ ਪ੍ਰਸ਼ਨ ਹਨ।
3. ਹਰ ਭਾਗ ਵਿੱਚ ਦਿੱਤੇ ਨੋਟ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣ।

**ਭਾਗ-ੳ**

**ਪ੍ਰਸ਼ਨ 1. ਹਰੇਕ ਬਹੁਵਿਕਲਪੀ ਪ੍ਰਸ਼ਨ 1 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ:-** **(1x 16=16)**

(i). ਜੋ ਸਾਧਨ ਮੌਜੂਦ ਤਾਂ ਹੋਣ ਪਰ ਉਹਨਾਂ ਦੀ ਕੋਈ ਵਰਤੋਂ ਨਾ ਹੋਵੇ, ਕਿਹੜੇ ਸਾਧਨ ਕਹਾਉਂਦੇ ਹਨ?

(ੳ) ਜੀਵ ਸਾਧਨ (ਅ) ਨਿਰਜੀਵ ਸਾਧਨ (ੲ) ਵਿਕਸਿਤ ਸਾਧਨ (ਸ) ਸੰਭਾਵਿਤ ਸਾਧਨ

(ii). ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for wildlife) ਦੀ ਸਥਾਪਨਾ ਕਿਹੜੇ ਸੰਨ ਵਿੱਚ ਕੀਤੀ ਗਈ?

(ੳ) 1952 (ਅ) 1750 (ੲ)1687 (ਸ)1853

(iii). ਕੋਲੇ ਦੀਆਂ ਹੇਠ ਲਿਖੀਆਂ ਚਾਰ ਕਿਸਮਾਂ ਵਿੱਚੋਂ ਸਭ ਤੋਂ ਮਾੜੀ ਕਿਸਮ ਕਿਹੜੀ ਮੰਨੀ ਜਾਂਦੀ ਹੈ?

(ੳ) ਐਂਥਰੇਸਾਈਟ (ਅ) ਬਿੱਟੂਮੀਨਸ (ੲ) ਲਿਗਨਾਈਟ (ਸ) ਪੀਟ

(iv). ਰੇਸ਼ੇ ਦੀ ਲੰਬਾਈ ਦੇ ਅਧਾਰ ‘ਤੇ ਕਪਾਹ ਦੀ ਕਿਹੜੀ ਕਿਸਮ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ?

(ੳ) ਮੱਧ ਦਰਜੇ ਰੇਸ਼ੇ ਵਾਲੀ (ਅ) ਛੋਟੇ ਰੇਸ਼ੇ ਵਾਲੀ (ੲ) ਲੰਬੇ ਰੇਸ਼ੇ ਵਾਲੀ (ਸ) ਰੇਸ਼ਾ ਰਹਿਤ ਕਪਾਹ

(v). ਹੜ੍ਹ ਆਉਣ ਦੇ ਕਿਹੜੇ-ਕਿਹੜੇ ਕਾਰਨ ਹੋ ਸਕਦੇ ਹਨ?

(ੳ) ਜ਼ਿਆਦਾ ਵਰਖਾ (ਅ) ਬੱਦਲਾਂ ਦਾ ਫੱਟਣਾ (ੲ) ਬੰਨ੍ਹ ਦਾ ਟੁੱਟ ਜਾਣਾ (ਸ) ਉਪਰੋਕਤ ਸਾਰੇ

(vi). ਬੰਗਾਲ ਵਿੱਚ ਭੂਮੀ ਲਗਾਨ ਪ੍ਰਬੰਧ ਸਥਾਈ ਬੰਦੋਬਸਤ ਕਿਸ ਅੰਗਰੇਜ਼ ਅਧਿਕਾਰੀ ਵੱਲੋਂ ਸ਼ੁਰੂ ਕੀਤਾ ਗਿਆ ਸੀ?

(ੳ) ਲਾਰਡ ਵਾਰਨ ਹੇਸਟਿੰਗਜ਼ (ਅ) ਲਾਰਡ ਡਲਹੌਜ਼ੀ

(ੲ) ਲਾਰਡ ਕਾਰਨਵਾਲਿਸ (ਸ) ਲਾਰਡ ਮੁਨਰੋ

(vii). ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸ਼ਾ ਦੀ ਦੀਵਾਨੀ ਕਦੋਂ ਪ੍ਰਾਪਤ ਕੀਤੀ?

(ੳ) 1777 ਈ: (ਅ) 1780 ਈ: (ੲ) 1765 ਈ: (ਸ) 1787 ਈ:

(viii). 1857 ਈ. ਦਾ ਵਿਦਰੋਹ ਕਿਸ ਸਥਾਨ ਤੋਂ ਸ਼ੁਰੂ ਹੋਇਆ ਸੀ?

(ੳ) ਲਖਨਊ (ਅ) ਬੈਰਕਪੁਰ (ੲ) ਦਿੱਲੀ (ਸ) ਕਾਨ੍ਹਪੁਰ

(ix). ਸੰਨ 1873 ਵਿੱਚ ਸੱਤਿਆ ਸੋਧਕ ਸਮਾਜ ਨਾਂ ਦੀ ਸੰਸਥਾ ਦੀ ਸਥਾਪਨਾ ਕਿਸਨੇ ਕੀਤੀ?

(ੳ) ਸ੍ਰੀ ਨਾਰਾਇਣ ਗੁਰੂ (ਅ) ਪਰਿਆਰ ਰਾਮਾ ਸੁਆਮੀ (ੲ) ਵੀਰ ਸਲਿੰਗਮ (ਸ) ਜੋਤਿਬਾ ਫੂਲੇ

(x). ਬੰਗਾਲ ਦੀ ਵੰਡ ਕਦੋਂ ਹੋਈ ਸੀ?

(ੳ) 1905 ਈ. (ਅ) 1909 ਈ. (ੲ) 1966 ਈ. (ਸ) 1957 ਈ.

(xi). ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਕਿੱਥੋਂ ਦੀ ਘਟਨਾ ਮਗਰੋਂ ਮੁਲਤਵੀ ਕੀਤਾ ?

(ੳ) ਗੋਰਖਪੁਰ (ਅ) ਬਾਰਦੋਲੀ (ੲ) ਚੌਰੀ-ਚੌਰਾ (ਸ) ਪੋਰਬੰਦਰ

(xii). ਸੰਵਿਧਾਨ ਦੀ ਮਸੌਦਾ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੱਸੋ।

(ੳ) 11 (ਅ)18 (ੲ) 07 (ਸ) 02

(xiii). ਰਾਸ਼ਟਰਪਤੀ, ਰਾਜ ਸਭਾ ਵਿੱਚ ਕਿੰਨੇ ਮੈਂਬਰ ਨਾਮਜ਼ਦ ਕਰ ਸਕਦੇ ਹਨ?

(ੳ) 8 (ਅ) 12 (ੲ) 02 (ਸ) 10

(xiv). ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਸੰਵਿਧਾਨ ਦੀ ਕਿਸ ਧਾਰਾ ਅਧੀਨ ਪ੍ਰਾਪਤ ਹਨ?

(ੳ) ਧਾਰਾ-134 (ਅ) ਧਾਰਾ-135 (ੲ) ਧਾਰਾ-136 (ਸ) ਧਾਰਾ-137

(xv). ਸੰਵਿਧਾਨ ਅਨੁਸਾਰ ਹੇਠ ਲਿਖਿਆਂ 'ਚੋਂ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਕਿਨ੍ਹਾਂ ਲਈ ਲਾਗੂ ਹੈ?

(ੳ) ਕੇਵਲ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ (ਅ) ਕੇਵਲ ਪੱਛੜੀਆਂ ਸ਼੍ਰੇਣੀਆਂ ਲਈ

(ੲ) ਕੇਵਲ ਗਰੀਬ ਲੋਕਾਂ ਲਈ

(ਸ) ਅਨੁਸੂਚਿਤ ਜਾਤੀਆਂ-ਜਨ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ (SCs,STs and OBCs)।

(xvi). ATM ਦਾ ਪੂਰਾ ਨਾਂ ਕੀ ਹੈ?

(ੳ) ਆਟੋਮੇਟਿਡ ਟੈਲਰ ਮਸ਼ੀਨ (Automated teller machine) (ਅ) ਆਲ ਟਾਈਮ ਮਨੀ (All-time money)

(ੲ) ਐਨੀ ਟਾਈਮ ਮਨੀ (Any time money) (ਸ)ਐਡਵਾਂਸ ਟਾਈਮ ਮਨੀ (Advance time money)

**ਭਾਗ-ਅ**

**ਪ੍ਰਸ਼ਨ 2. ਹਰੇਕ ਵਸਤੂਨਿਸ਼ਠ ਪ੍ਰਸ਼ਨ ਦਾ ਇੱਕ ਅੰਕ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ:-** **(1x 12=12)**

**ਖਾਲੀ ਥਾਵਾਂ ਭਰੋ:-**

i. ____________ਕੋਡ ਚੈੱਕ ਨੂੰ ਫ਼ੰਡ ਲੈਣ ਵਾਲੇ ਖਾਤੇ ਤੱਕ ਭੇਜਣ ਵਿੱਚ ਸਹਾਈ ਹੁੰਦਾ ਹੈ।

ii. ਉੱਤਰ ਪੂਰਬੀ ਭਾਰਤ ਵਿੱਚ, ਪੂਰਬ ਵਿੱਚ ਜੈਂਤੀਆਂ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ ਪਹਾੜੀਆਂ ਤੱਕ ਦੇ ਖੇਤਰ ਵਿੱਚ ਕਦੇ_______________ਕਬੀਲੇ ਦਾ ਹੀ ਰਾਜ ਸੀ।

iii. ਦੇਸੀ ਰਿਆਸਤਾਂ ਦੇ ਰਾਜੇ-ਮਹਾਰਾਜੇ____________ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਵਰਤੋਂ ਕਰਦੇ ਸਨ।

iv. ਪਹਿਲਾ ਮੌਲਿਕ ਅਧਿਕਾਰ_________________ ਹੈ।

**ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ:-**

v. ਸਾਧਨ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ☐

vi. ਮੈਰੀਨਾ ਬੀਚ (ਸਮੁੰਦਰੀ ਕਿਨਾਰਾ)10 ਕਿਲੋਮੀਟਰ ਲੰਬਾ ਹੈ। ☐

vii. ਪ੍ਰਸਤਾਵਨਾ ਵਿੱਚ ਸਮਾਨਤਾ ਸ਼ਬਦ ਦਰਜ ਨਹੀਂ ਕੀਤਾ ਗਿਆ। ☐

viii. ਨਿਆਂ ਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ। ☐

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ:-**

ix. ਪ੍ਰਮਾਣੂ ਪਦਾਰਥਾਂ ਦੀ ਵਰਤੋਂ ਸਾਨੂੰ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ?

x. ਆਫ਼ਤ ਕਿਸਨੂੰ ਕਿਹਾ ਜਾਂਦਾ ਹੈ?

xi. ਬਸਤੀਵਾਦ ਤੋਂ ਕੀ ਭਾਵ ਹੈ?

xii. ਅਨਪੜ੍ਹਤਾ ਤੋਂ ਕੀ ਭਾਵ ਹੈ?

**ਭਾਗ-ੲ**

**ਪ੍ਰਸ਼ਨ 3. ਸਾਰੇ ਪ੍ਰਸ਼ਨ ਲਾਜ਼ਮੀ ਹਨ ਅਤੇ ਹਰੇਕ ਪ੍ਰਸ਼ਨ ਦੇ 2 ਅੰਕ ਹਨ। ਹਰ ਪ੍ਰਸ਼ਨ ਦਾ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ:-**

**(2x 6= 12 ਅੰਕ)**

i. ਸਾਧਨਾਂ ਦੀ ਸਹੀ ਸਾਂਭ-ਸੰਭਾਲ ਕਿਵੇਂ ਹੋ ਸਕਦੀ ਹੈ?

ii. ਪਟਸਨ ਤੋਂ ਕਿਹੜੀਆਂ-ਕਿਹੜੀਆਂ ਵਸਤਾਂ ਬਣਾਈਆਂ ਜਾ ਸਕਦੀਆਂ ਹਨ?

iii. ਸਰਕਾਰੀ ਦਸਤਾਵੇਜ਼ਾਂ 'ਤੇ ਨੋਟ ਲਿਖੋ।

iv. ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?

v. ਸੰਵਿਧਾਨ ਤੋਂ ਕੀ ਭਾਵ ਹੈ?

vi. ਸੰਸਦੀ ਸਰਕਾਰ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਖੋ।

**ਭਾਗ-ਸ**

**ਪ੍ਰਸ਼ਨ 4. ਹਰੇਕ ਪ੍ਰਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ। ਹਰ ਪ੍ਰਸ਼ਨ ਦੇ 5 ਅੰਕ ਹਨ:-** **(5x 4=20 ਅੰਕ)**

1. ਮਹਾਂਮਾਰੀ ਵਰਗੀ ਆਫ਼ਤ ਤੋਂ ਸਾਨੂੰ ਕਿਹੜੇ-ਕਿਹੜੇ ਉਪਾਅ ਬਚਾ ਸਕਦੇ ਹਨ?

**ਜਾਂ**

ਪੱਤਝੜੀ ਜੰਗਲਾਂ 'ਤੇ ਇੱਕ ਨੋਟ ਲਿਖੋ।

2. ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ ਰਾਜਾ ਰਾਮ ਮੋਹਨ ਰਾਏ ਦੇ ਯੋਗਦਾਨ ਬਾਰੇ ਦੱਸੋ?

**ਜਾਂ**

ਨਿਆਂ ਵਿਵਸਥਾ 'ਤੇ ਨੋਟ ਲਿਖੋ।

3. ਜੋਤਿਬਾ ਫੂਲੇ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕਿਹੜੇ ਕਾਰਜ ਕੀਤੇ?

**ਜਾਂ**

ਗੁੱਟ-ਨਿਰਲੇਪ ਲਹਿਰ 'ਤੇ ਨੋਟ ਲਿਖੋ?

4. ਭਾਰਤ ਵਿੱਚ ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਕਿਵੇਂ ਬਣਾਇਆ ਗਿਆ ਹੈ?

**ਜਾਂ**

ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਨਾਲ਼ੀ ਹੀ ਕਿਉਂ ਲਾਗੂ ਕੀਤੀ ਗਈ?

**ਭਾਗ-ਹ**

**ਪ੍ਰਸ਼ਨ 5. ਪੈਰ੍ਹੇ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-** **(2x 5=10)**

ਮੌਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਜਿਸ ਉੱਤੇ ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਨਿਰਭਰ ਕਰਦਾ ਹੈ। ਮੌਨਸੂਨੀ ਵਰਖਾ ਜਦੋਂ ਸਮੇਂ ਸਿਰ 'ਤੇ ਸਹੀ ਮਾਤਰਾ ਵਿੱਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰਿਆਲੀ ਨਜ਼ਰ ਆਉਂਦੀ ਹੈ। ਮੌਨਸੂਨ ਪੌਣਾਂ ਦੀ ਅਸਫ਼ਲਤਾ ਦੇ ਕਾਰਨ ਫ਼ਸਲਾਂ ਸੁੱਕ ਜਾਂਦੀਆਂ ਹਨ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ ਮੌਨਸੂਨੀ ਪੌਣਾਂ ਦਾ ਦੇਸ਼ ਅੰਦਰ ਬਹੁਤ ਗੂੜ੍ਹਾ ਸੰਬੰਧ ਬਣ ਜਾਂਦਾ ਹੈ । ਭਾਰਤ ਦੇ ਸਮਾਜ ਅਤੇ ਸੱਭਿਆਚਾਰ 'ਤੇ ਮੌਨਸੂਨ ਪੌਣਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਲੋਕਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਰੀਤੀ ਰਿਵਾਜ 'ਤੇ ਮੌਨਸੂਨ ਪੌਣਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਦੇ ਆਉਣ ਦੀ ਉਡੀਕ ਵਿੱਚ ਲੋਕ-ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿੱਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿੱਚ ਕਜਰੀ ਤੇ ਬ੍ਰਿਜ ਵਿੱਚ ਮਲ੍ਹਾਰ ਆਦਿ। ਦੇਸ਼ ਦੇ ਧਾਰਮਿਕ ਜੀਵਨ 'ਤੇ ਵੀ ਮੌਨਸੂਨ ਪੌਣਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮੌਨਸੂਨੀ ਜਲਵਾਯੂ ਨੇ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ। ਅਨੇਕਾਂ ਤਿਉਹਾਰ ਵੀ ਮੌਨਸੂਨ ਨਾਲ ਜੁੜੇ ਹੋਏ ਹਨ।

1. ਖੇਤੀਬਾੜੀ ਦਾ ਸਮੁੱਚਾ ਆਰਥਿਕ ਢਾਂਚਾ ਕਿਹੜੇ ਕੁਦਰਤੀ ਵਰਤਾਰੇ 'ਤੇ ਨਿਰਭਰ ਕਰਦਾ ਹੈ ?
2. ਹਰਿਆਣੇ ਵਿੱਚ ਜਦੋਂ ਸਾਉਣ ਦਾ ਮਹੀਨਾ ਮਨਾਇਆ ਜਾਂਦਾ ਹੈ ਤਾਂ ਪੰਜਾਬ ਤੇ ਭੋਜਪੁਰ ਵਿੱਚ ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?
3. ਭਾਰਤੀ ਲੋਕ ਕਿਸਮਤਵਾਦੀ ਕਿਵੇਂ ਬਣ ਗਏ ਹਨ ?
4. ਮੌਨਸੂਨੀ ਵਰਖਾ ਦੇ ਖੇਤੀਬਾੜੀ ਨੂੰ ਕਿਹੜੇ -ਕਿਹੜੇ ਫ਼ਾਇਦੇ ਹੁੰਦੇ ਹਨ?
5. ਮੌਨਸੂਨ ਪੌਣਾਂ ਲੋਕਾਂ ਦੇ ਜੀਵਨ 'ਤੇ ਕਿਹੜੇ-ਕਿਹੜੇ ਪ੍ਰਭਾਵ ਪਾਉਂਦੀਆਂ ਹਨ?

**ਭਾਗ-ਕ**

**ਪ੍ਰਸ਼ਨ 6. ਭਾਰਤ ਦੇ ਨਕਸ਼ੇ ਵਿੱਚ ਕੋਈ 10 ਸਥਾਨ (ਸੱਤ ਸਥਾਨ ਭੂਗੋਲ ਭਾਗ ਵਿੱਚੋਂ ਅਤੇ ਤਿੰਨ ਸਥਾਨ ਇਤਿਹਾਸ ਭਾਗ ਵਿੱਚੋਂ ਦਰਸਾਓ :-** **(10x 1=10)**

**(ਭੂਗੋਲ ਭਾਗ)**

i. ਕਾਲੀ ਮਿੱਟੀ ਵਾਲਾ ਇਲਾਕਾ
ii. ਗੰਗਾ ਦਰਿਆ
iii. ਪਰਬਤੀ ਬਨਸਪਤੀ ਵਾਲਾ ਕੋਈ ਇਲਾਕਾ
iv. ਕੱਚਾ ਲੋਹਾ ਉਤਪਾਦਨ ਖੇਤਰ
v. ਸੋਨਾ ਉਤਪਾਦਨ ਖੇਤਰ
vi. ਬਾਕਸਾਈਟ ਖੇਤਰ
vii. ਮੈਂਗਨੀਜ਼ ਉਤਪਾਦਨ ਖੇਤਰ
viii. ਕਣਕ ਉਤਪਾਦਨ ਖੇਤਰ
ix. ਝੋਨਾ ਉਤਪਾਦਨ ਖੇਤਰ
x. ਚਾਹ ਉਤਪਾਦਨ ਖੇਤਰ

**(ਇਤਿਹਾਸ ਭਾਗ)**

xi. ਮਹਿਲਵਾੜੀ ਪ੍ਰਬੰਧ ਵਾਲਾ ਕੋਈ ਰਾਜ

xii. ਸੂਤੀ ਕੱਪੜੇ ਦੇ ਪਹਿਲੇ ਕਾਰਖਾਨੇ ਦਾ ਸਥਾਨ

xiii. ਪਟਸਨ ਵਸਤ ਦੇ ਪਹਿਲੇ ਕਾਰਖਾਨੇ ਦਾ ਸਥਾਨ

xiv. ਫ਼ੋਰਟ ਸੇਂਟ ਜਾਰਜ ਦਾ ਸਥਾਨ

xv. ਗੇਟਵੇ ਆਫ਼ ਇੰਡੀਆ ਦਾ ਸਥਾਨ